## ਨਮੂਨਾ ਪ੍ਰਸ਼ਨ ਪੱਤਰ

# ਵਿੱਦਿਅਕ ਸਾਲ 2022-2023

# ਸ੍ਰੇਣੀ - ਦਸਵੀਂ

## ਵਿਸ਼ਾ - ਖੇਤੀਬਾੜੀ (ਲਿਖਤੀ)

**ਸਮਾਂ : $2\frac{1}{2}$ ਘੰਟੇ** **ਕੁੱਲ ਅੰਕ : 50**

**ਭਾਗ - I**

**ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ :**

**1.** ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ (GADVASU) ਦੀ ਸਥਾਪਨਾ ਕਦੋਂ ਕੀਤੀ ਗਈ ਸੀ ?

(ੳ) 1962 (ਅ) 1947 (ੲ) 2005 **1**

**2.** ਪੰਜਾਬ ਦੀ ਪ੍ਰਮੁੱਖ ਬਾਗਬਾਨੀ ਫ਼ਸਲ ਕਿਹੜੀ ਹੈ ?

(ੳ) ਕਿੰਨੂ (ਅ) ਅੰਬ (ੲ) ਬੇਰ **1**

**3.** ਭਾਰਤ ਵਿੱਚ ਤੇਲ ਬੀਜ ਫ਼ਸਲਾਂ ਦੀ ਸਭ ਤੋਂ ਵੱਧ ਪੈਦਾਵਾਰ ਕਿਹੜੇ ਰਾਜ ਵਿੱਚ ਹੁੰਦੀ ਹੈ ?

(ੳ) ਪੰਜਾਬ (ਅ) ਰਾਜਸਥਾਨ (ੲ) ਹਿਮਾਚਲ ਪ੍ਰਦੇਸ਼ **1**

**4.** ਤੰਦਰੁਸਤ ਰਹਿਣ ਲਈ ਸਾਨੂੰ ਹਰ ਰੋਜ਼ ਲਗਭਗ ਕਿੰਨੀ ਸਬਜ਼ੀ ਖਾਣੀ ਚਾਹੀਦੀ ਹੈ ?

(ੳ) 100 ਗ੍ਰਾਮ (ਅ) 200 ਗ੍ਰਾਮ (ੲ) 300 ਗ੍ਰਾਮ **1**

**5.** ਕੌਮੀ ਬਾਗ਼ਬਾਨੀ ਮਿਸ਼ਨ (NHM) ਦੀਆਂ ਸਕੀਮਾਂ ਕਿਹੜੇ ਵਿਭਾਗ ਵੱਲੋਂ ਲਾਗੂ ਕੀਤੀਆਂ ਜਾਂਦੀਆਂ ਹਨ ?

(ੳ) ਬਾਗ਼ਬਾਨੀ ਵਿਭਾਗ (ਅ) ਪਸ਼ੂ ਪਾਲਣ ਵਿਭਾਗ (ੲ) ਮੱਛੀ ਪਾਲਣ ਵਿਭਾਗ **1**

**6.** ਪੰਜਾਬ ਵਿੱਚ ਕਿਹੜੀ ਮਧੂ ਮੱਖੀ ਪਾਲੀ ਜਾਂਦੀ ਹੈ ?

(ੳ) ਡੂੰਮਣਾ (ਅ) ਲੱਡੂ ਮੱਖੀ (ੲ) ਇਟੈਲੀਅਨ **1**

**7.** ਜੋ ਖਾਦਾਂ ਕਾਰਖ਼ਾਨਿਆਂ ਵਿੱਚ ਵੱਖ-ਵੱਖ ਰਸਾਇਣਾਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ, ਉਹਨਾਂ ਨੂੰ ਕੀ ਕਹਿੰਦੇ ਹਨ ?

(ੳ) ਰਸਾਇਣਕ ਖਾਦਾਂ (ਅ) ਜੀਵਕ ਖਾਦਾਂ (ੲ) ਦੇਸੀ ਖਾਦਾਂ **1**

**8.** ਝੋਨੇ ਦੇ ਵੱਢ ਵਿੱਚ ਕਣਕ ਬੀਜਣ ਵਾਲੀ ਮਸ਼ੀਨ ਨੂੰ ਕੀ ਕਹਿੰਦੇ ਹਨ ?

(ੳ) ਲੇਜ਼ਰ ਲੈਵਲਰ (ਅ) ਹੈਪੀ ਸੀਡਰ (ੲ) ਰੋਟਾਵੇਟਰ **1**

**9.** ਗੁੱਲੀ ਡੰਡਾ ਨਦੀਨ ਕਿਹੜੀ ਫ਼ਸਲ ਵਿੱਚ ਉੱਗਦਾ ਹੈ ?

(ੳ) ਝੋਨਾ (ਅ) ਜਵਾਰ (ੲ) ਕਣਕ **1**

**10.** ਕਿਹੜੀ ਸਬਜ਼ੀ ਪਨੀਰੀ ਲਗਾ ਕੇ ਤਿਆਰ ਨਹੀਂ ਕੀਤੀ ਜਾਂਦੀ ਹੈ ?

(ੳ) ਬੰਦ ਗੋਭੀ (ਅ) ਆਲੂ (ੲ) ਬਰੌਕਲੀ **1**

**11.** ਅੰਬ ਅਤੇ ਲੀਚੀ ਦੇ ਬਾਗ ਲਗਾਉਣ ਦਾ ਸਹੀ ਸਮਾਂ ਕੀ ਹੈ ?

(ੳ) ਫ਼ਰਵਰੀ - ਮਾਰਚ (ਅ) ਸਤੰਬਰ - ਅਕਤੂਬਰ (ੲ) ਮਈ - ਜੂਨ **1**

**12.** ਰਾਸ਼ਟਰੀ ਵਣਨੀਤੀ 1988 ਅਨੁਸਾਰ ਕਿੰਨੇ ਪ੍ਰਤੀਸ਼ਤ ਰਕਬਾ ਜੰਗਲਾਂ ਹੇਠ ਹੋਣਾ ਚਾਹੀਦਾ ਹੈ ?

(ੳ) 10 ਪ੍ਰਤੀਸ਼ਤ (ਅ) 15 ਪ੍ਰਤੀਸ਼ਤ (ੲ) 20 ਪ੍ਰਤੀਸ਼ਤ **1**

**13.** ਤੇਲ ਬੀਜਾਂ ਵਿੱਚੋਂ ਤੇਲ ਕੱਢਣ ਲਈ ਕਿਹੜੀ ਮਸ਼ੀਨ ਦੀ ਵਰਤੋਂ ਕੀਤੀ ਜਾਂਦੀ ਹੈ ?

Downloaded from cclchapter.com

| | | | | | | |
|---|---|---|---|---|---|---|
| (ੳ) | ਆਟਾ ਚੱਕੀ | (ਅ) | ਕੋਹਲੂ | (ੲ) | ਪੇਂਜਾ | 1 |

**14.** ਬਾਗ਼ ਲਗਾਉਣ ਲਈ ਟੋਏ ਕਿੰਨੇ ਡੂੰਘੇ, ਚੌੜੇ ਅਤੇ ਲੰਬੇ ਪੁੱਟੇ ਜਾਂਦੇ ਹਨ ?

| | | | | | | |
|---|---|---|---|---|---|---|
| (ੳ) | 1 × 1 × 1 ਮੀਟਰ | (ਅ) | 1 × 1 × 1 ਫੁੱਟ | (ੲ) | 1 × 1 × 1 ਇੰਚ | 1 |

**15.** ਇੱਕੋ ਖੇਤ ਵਿੱਚ ਰੁੱਖ ਅਤੇ ਫ਼ਸਲਾਂ ਇਕੱਠੇ ਉਗਾਉਣ ਨੂੰ ਕਿਹੜੀ ਖੇਤੀ ਕਹਿੰਦੇ ਹਨ ?

| | | | | | | |
|---|---|---|---|---|---|---|
| (ੳ) | ਵਣ ਖੇਤੀ | (ਅ) | ਬਰਾਨੀ ਖੇਤੀ | (ੲ) | ਜੈਵਿਕ ਖੇਤੀ | 1 |

**16.** ਇੱਕ ਕੁਇੰਟਲ ਗੰਨਾ ਪੀੜ ਕੇ ਕਿੰਨਾ ਗੁੜ ਤਿਆਰ ਕੀਤਾ ਜਾ ਸਕਦਾ ਹੈ ?

| | | | | | | |
|---|---|---|---|---|---|---|
| (ੳ) | 10 - 12 ਕਿਲੋ | (ਅ) | 20 - 25 ਕਿਲੋ | (ੲ) | 30 - 35 ਕਿਲੋ | 1 |

**17.** ਕਾਗਜ਼ੀ, ਬਾਰਾਂਮਾਸੀ ਨਿੰਬੂ ਅਤੇ ਗਲਗਲ ਕਿਹੜੇ ਫ਼ਲ ਦੀਆਂ ਉੱਨਤ ਕਿਸਮਾਂ ਹਨ ?

| | | | | | | |
|---|---|---|---|---|---|---|
| (ੳ) | ਸੰਤਰਾ | (ਅ) | ਮਾਲਟਾ | (ੲ) | ਨਿੰਬੂ | 1 |

**18.** ਖੇਤਾਂ ਦੇ ਬੰਨ੍ਹਿਆਂ ਤੇ ਰੁੱਖਾਂ ਨੂੰ ਕਿਹੜੀ ਦਿਸ਼ਾ ਵੱਲ ਲਗਾਉਣਾ ਚਾਹੀਦਾ ਹੈ ?

| | | | | | | |
|---|---|---|---|---|---|---|
| (ੳ) | ਪੂਰਬ - ਪੱਛਮ | (ਅ) | ਉੱਤਰ - ਪੂਰਬ | (ੲ) | ਉੱਤਰ - ਦੱਖਣ | 1 |

**19.** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕਿੰਨੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿੱਚ ਖੇਤੀ ਅਧਾਰਿਤ ਧੰਦਿਆਂ ਬਾਰੇ ਸਿਖਲਾਈ ਦਿੱਤੀ ਜਾਂਦੀ ਹੈ ?

| | | | | | | |
|---|---|---|---|---|---|---|
| (ੳ) | 10 | (ਅ) | 15 | (ੲ) | 18 | 1 |

**20.** ਬਾਗ਼ ਲਗਾਉਣ ਦੇ ਕਿਹੜੇ ਢੰਗ ਵਿੱਚ ਦੂਜੇ ਢੰਗਾਂ ਦੇ ਮੁਕਾਬਲੇ 15-20% ਵੱਧ ਪੌਦੇ ਲਗਾਏ ਜਾ ਸਕਦੇ ਹਨ ?

| | | | | | | |
|---|---|---|---|---|---|---|
| (ੳ) | ਵਰਗਾਕਾਰ ਢੰਗ | (ਅ) | ਆਇਤਾਕਾਰ ਢੰਗ | (ੲ) | ਛੇ ਕੋਣਾ ਢੰਗ | 1 |

**ਭਾਗ - II**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਵਾਕਾਂ ਵਿੱਚ ਦਿਓ :**

**21.** ਸਹਿਕਾਰਤਾ ਖੇਤਰ ਵਿੱਚ ਖਾਦਾਂ ਵਿੱਚ ਸਭ ਤੋਂ ਵੱਡਾ ਤੇ ਮੋਹਰੀ ਅਦਾਰਾ ਕਿਹੜਾ ਹੈ ? 2

**22.** ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੂਤ ਕੀ ਕੰਮ ਕਰਦੇ ਹਨ ? 2

**23.** ਕਣਕ ਅਧਾਰਿਤ ਦੋ ਫ਼ਸਲ ਚੱਕਰਾਂ ਦੇ ਨਾਂ ਲਿਖੋ। 2

**24.** ਕਿਸੇ ਦੋ ਪੱਤਝੜੀ ਫ਼ਲਦਾਰ ਪੌਦਿਆਂ ਦੇ ਨਾਂ ਲਿਖੋ। 2

**25.** ਕਿਹੜੇ ਦੋ ਮੁੱਖ ਸਾਧਨਾਂ ਦੀ ਕਮੀ ਕਰਕੇ ਸਾਡੇ ਦੇਸ ਵਿੱਚ ਅਨਾਜ ਦਾ ਨੁਕਸਾਨ ਹੋ ਰਿਹਾ ਹੈ ? 2

**ਭਾਗ - III**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਤਿੰਨ-ਚਾਰ ਵਾਕਾਂ ਵਿੱਚ ਦਿਓ :**

**26.** ਬਾਗ਼ਬਾਨੀ ਵਿਭਾਗ ਵੱਲੋਂ ਕੀਤੇ ਜਾਣ ਵਾਲੇ ਕੋਈ ਚਾਰ ਕੰਮ ਲਿਖੋ। 4

ਜਾਂ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਵਿਕਸਿਤ ਕੋਈ ਚਾਰ ਕਫ਼ਾਇਤੀ ਖੇਤੀ ਤਕਨੀਕਾਂ ਦੇ ਨਾਂ ਲਿਖੋ। 4

**27.** ਬਰਸੀਮ ਦੀ ਖੇਤੀ ਦਾ ਸੰਖੇਪ ਵੇਰਵਾ ਹੇਠ ਲਿਖੇ ਅਨੁਸਾਰ ਦਿਓ :

(ੳ) ਉੱਨਤ ਕਿਸਮ (ਅ) ਬੀਜ ਦੀ ਮਾਤਰਾ (ੲ) ਬੀਜਾਈ ਦਾ ਸਮਾਂ (ਸ) ਵਾਢੀ 4

ਜਾਂ

ਬਰੌਕਲੀ ਦੀ ਖੇਤੀ ਦਾ ਸੰਖੇਪ ਵੇਰਵਾ ਹੇਠ ਲਿਖੇ ਅਨੁਸਾਰ ਦਿਓ :

Downloaded from cclchapter.com

(ੳ) ਉੱਨਤ ਕਿਸਮ (ਅ) ਬੀਜ ਦੀ ਮਾਤਰਾ (ੲ) ਬੀਜਾਈ ਦਾ ਸਮਾਂ (ਸ) ਝਾੜ 4

**28.** ਜ਼ੀਰੋ-ਟਿੱਲ ਡਰਿੱਲ ਨਾਲ ਕਣਕ ਦੀ ਬੀਜਾਈ ਕਰਨ ਦੇ ਕੋਈ ਚਾਰ ਲਾਭ ਲਿਖੋ। 4

ਜਾਂ

ਸਰਦੀ ਦੀਆਂ ਸਬਜ਼ੀਆਂ ਦੇ ਕੀੜਿਆਂ ਅਤੇ ਬੀਮਾਰੀਆਂ ਤੋਂ ਰੋਕਥਾਮ ਦੇ ਕੋਈ ਚਾਰ ਉਪਾਅ ਲਿਖੋ। 4

**29.** ਨਰਸਰੀ ਵਿੱਚੋਂ ਫ਼ਲਦਾਰ ਬੂਟਿਆਂ ਦੀ ਚੋਣ ਕਰਦੇ ਸਮੇਂ ਧਿਆਨ ਰੱਖਣ ਯੋਗ ਕੋਈ ਚਾਰ ਗੱਲਾਂ ਲਿਖੋ। 4

ਜਾਂ

ਪੰਜਾਬ ਵਿੱਚ ਵਪਾਰਕ ਵਣ ਖੇਤੀ ਲਈ ਪਾਪਲਰ ਅਤੇ ਸਫ਼ੈਦੇ ਦੀ ਕਾਸ਼ਤ ਹੀ ਕਿਉਂ ਕੀਤੀ ਜਾਂਦੀ ਹੈ ? 4

**30.** ਪਿੰਡਾਂ ਵਿੱਚ ਖੇਤੀ ਅਧਾਰਿਤ ਧੰਦੇ ਸ਼ੁਰੂ ਕਰਨ ਹੋਣ ਵਾਲੇ ਕੋਈ ਚਾਰ ਲਾਭ ਲਿਖੋ। 4

ਜਾਂ

ਫ਼ਲਦਾਰ ਪੌਦਿਆਂ ਦੀ ਸੁਧਾਈ ਅਤੇ ਕਾਂਟ-ਛਾਂਟ ਕਰਨ ਦੇ ਕੋਈ ਚਾਰ ਲਾਭ ਲਿਖੋ। 4

****************************

Downloaded from cclchapter.com